


# Orientation to Ontario

1-855-626-0002
https://settlement.org/o2o



## ਓਂਟਾਰੀਓ ਵਿੱਚ ਕੰਮ ਕਰਨਾ

### ਕੰਮ ਲਈ ਤਿਆਰੀ ਕਰਨਾ

ਕੰਮ ਕਰਨ ਲਈ ਤੁਹਾਡੇ ਕੋਲ ਸੋਸ਼ਲ ਇੰਸ਼ੋਰੈਂਸ ਨੰਬਰ (SIN) ਜ਼ਰੂਰ ਹੋਣਾ ਚਾਹੀਦਾ ਹੈ। ਇਸ ਲਈ ਕਿਵੇਂ ਅਪਲਾਈ ਕੀਤਾ ਜਾਏ, ਬਾਰੇ ਜਾਣਨ ਲਈ servicecanada.gc.ca ਜਾਂ findlink.at/SIN 'ਤੇ ਸਰਵਿਸ ਕਨੇਡਾ 'ਤੇ ਜਾਓ।

### ਸਰਕਾਰੀ ਦਸਤਾਵੇਜ਼ਾਂ (ਰਿਕਾਰਡ) ਦਾ ਮੁਲਾਂਕਣ

ਇੱਕ ਮੁਲਾਂਕਣ ਕਨੇਡਾ ਤੋਂ ਬਾਹਰ ਤੁਹਾਡੇ ਵਲੋਂ ਮੁਕੰਮਲ ਕੀਤੀ ਗਈ ਸਿਖਲਾਈ ਅਤੇ ਪੜ੍ਹਾਈ ਦਾ ਕਨੇਡਾ ਦੇ ਸਿੱਖਿਆ ਪ੍ਰਬੰਧ ਵਿੱਚ ਇਸਦੇ ਬਰਾਬਰ ਦੀ ਸਿੱਖਿਆ ਨਾਲ ਤੁਲਨਾ ਕਰੇਗਾ।

ਤੁਹਾਨੂੰ ਇਹ ਮੁਲਾਂਕਣ ਕਰਾਉਣ ਜਾਂ ਨਾ ਕਰਾਉਣ ਦੀ ਲੋੜ ਪੈ ਸਕਦੀ ਹੈ। ਨੌਕਰੀਆਂ ਲਈ ਅਪਲਾਈ ਕਰਨ ਤੋਂ ਪਹਿਲਾਂ ਇਹ ਪਤਾ ਲਾਉਣਾ ਚੰਗੀ ਗੱਲ ਹੈ ਕਿ ਤੁਹਾਨੂੰ ਰਿਕਾਰਡਾਂ ਦਾ ਮੁਲਾਂਕਣ ਕਰਾਉਣ ਦੀ ਲੋੜ ਹੈ। ਹੋਰ ਜਾਣਕਾਰੀ ਲਈ cicic.ca ਜਾਂ findlink.at/cicic-cred 'ਤੇ ਅੰਤਰਰਾਸ਼ਟਰੀ ਰਿਕਾਰਡਾਂ ਲਈ ਕਨੈਡੀਅਨ ਜਾਣਕਾਰੀ ਸੈਂਟਰ (Canadian Information Centre for International Credentials) 'ਤੇ ਜਾਓ।

### ਬਿਨਾ ਨੇਮਬੱਧ ਅਤੇ ਸਵੈ-ਨੇਮਬੱਧ ਕਿੱਤੇ

ਬਿਨਾ ਨੇਮਬੱਧ ਕਿੱਤੇ ਵਿੱਚ ਕੰਮ ਕਰਨ ਲਈ ਤੁਹਾਨੂੰ ਇੱਕ ਵਿਸ਼ੇਸ਼ ਲਾਇਸੈਂਸ ਦੀ ਲੋੜ ਹੈ।

ਬਿਨਾ ਨੇਮਬੱਧ ਕਿੱਤਿਆਂ ਵਿੱਚ ਫ਼ਾਇਨਾਂਸ਼ੀਅਲ ਮੈਨੇਜਰ, ਅਰਥ ਸ਼ਾਸ਼ਤਰੀ, ਕੰਪਿਊਟਰ ਪ੍ਰੋਗਰਾਮਰ, ਬੁੱਕ ਕੀਪਰ, ਵਿਕਰੀ ਦੇ ਨੁਮਾਇੰਦੇ, ਰਿਟੇਲ ਮੈਨੇਜਰ ਅਤੇ ਕਈ ਹੋਰ ਕੰਮ ਸ਼ਾਮਿਲ ਹਨ।

ਕੁਝ ਅਜਿਹੇ ਕਿੱਤੇ ਹਨ, ਜਿੱਥੇ ਸਰਟੀਫ਼ਿਕੇਸ਼ਨ ਉਪਲਬਧ ਹੈ, ਪਰ ਓਂਟਾਰੀਓ ਵਿੱਚ ਕੰਮ ਕਰਨ ਲਈ ਇਸਦੀ ਲੋੜ ਨਹੀਂ ਹੈ।

ਇਹਨਾਂ ਨੂੰ ਸਵੈ-ਨੇਮਬੱਧ ਕਿੱਤੇ ਕਿਹਾ ਜਾਂਦਾ ਹੈ ਅਤੇ ਇਸਦਾ ਇੱਕ ਉਦਾਹਰਣ ਮਨੁੱਖੀ ਸ੍ਰੋਤ ਬਾਰੇ ਸਲਾਹਕਾਰ ਹੈ। ਕਈ

ਨੌਕਰੀਦਾਤਾ ਪ੍ਰਮਾਣਿਤ ਪੇਸ਼ੇਵਰਾਂ ਨੂੰ ਕੰਮ 'ਤੇ ਰੱਖਣਾ ਪਸੰਦ ਕਰਦੇ ਹਨ, ਭਾਵੇਂ ਕਾਨੂੰਨ ਹੇਠ ਉਹਨਾਂ ਨੂੰ ਇਸਦੀ ਲੋੜ ਨਹੀਂ ਹੈ।

### ਨੇਮਬੱਧ ਕਿੱਤੇ

ਨੇਮਬੱਧ ਕਿੱਤੇ ਵਿੱਚ ਕੰਮ ਕਰਨ ਲਈ ਤੁਹਾਨੂੰ ਓਂਟਾਰੀਓ ਰੈਗੂਲੇਟਰੀ ਬੋਰਡ ਵਲੋਂ ਦਿੱਤੇ ਜਾਂਦੇ ਇੱਕ ਵਿਸ਼ੇਸ਼ ਲਾਇਸੈਂਸ ਦੀ ਲੋੜ ਪਏਗੀ। ਨੇਮਬੱਧ ਕਿੱਤਿਆਂ ਵਿੱਚ ਸੋਸ਼ਲ ਵਰਕਰ, ਨਰਸ, ਮਸਾਜ ਥੈਰੇਪਿਸਟ, ਇਲੈਕਟ੍ਰੀਸ਼ੀਅਨ, ਪਲੰਬਰ, ਇੰਜੀਨੀਅਰ, ਆਰਕੀਟੈਕਟ ਅਤੇ ਕਈ ਹੋਰ ਕੰਮ ਸ਼ਾਮਿਲ ਹਨ।

ਤੁਹਾਡਾ ਕਿੱਤਾ ਨੇਮਬੱਧ, ਬਿਨਾ ਨੇਮਬੱਧ ਜਾਂ ਸਵੈ-ਨੇਮਬੱਧ ਹੈ ਜਾਂ ਨਹੀਂ, ਦਾ ਪਤਾ ਲਾਉਣ ਲਈ ontario.ca ਜਾਂ findlink.at/occup 'ਤੇ ਜਾਓ।

ਲਾਇਸੈਂਸਿੰਗ ਬਾਰੇ ਪਤਾ ਲਾਉਣ ਲਈ 1-866-670- 4094 'ਤੇ ਗਲੋਬਲ

ਐਕਸਪੀਰੀਐਂਸ ਓਂਟਾਰੀਓ (Global Experience Ontario) ਨੂੰ ਕਾਲ ਕਰੋ ਜਾਂ ontario.ca ਜਾਂ findlink.at/GlobalExpe 'ਤੇ ਜਾਓ।

### ਗਲੋਬਲ ਐਕਸਪੀਰੀਐਂਸ ਓਂਟਾਰੀਓ- GLOBAL EXPERIENCE ONTARIO (GEO)

ਗਲੋਬਲ ਐਕਸਪੀਰੀਐਂਸ ਓਂਟਾਰੀਓ ਅੰਤਰਰਾਸ਼ਟਰੀ ਤੌਰ 'ਤੇ ਉਹਨਾਂ
ਸਿਖਲਾਈ ਪ੍ਰਾਪਤ ਲੋਕਾਂ ਨੂੰ ਬਹੁਤ ਸਾਰੀਆਂ ਸੇਵਾਵਾਂ ਦੀ ਪੇਸ਼ਕਸ਼ ਕਰਦਾ ਹੈ, ਜੋ ਨੇਮਬੱਧ ਕਿੱਤੇ ਜਾਂ ਲਾਜ਼ਮੀ ਵਪਾਰ, ਜੋ ਕਿ ਸਿਹਤ ਨਾਲ ਸਬੰਧਿਤ ਨਹੀਂ ਹਨ, ਵਿੱਚ ਹਨ – GEO ਨਾਲ ਸੰਪਰਕ ਕਰਨ ਲਈ 1-866-670-4094 'ਤੇ ਕਾਲ ਕਰੋ ਜਾਂ ontario.ca 'ਤੇ ਜਾਓ।

### ਹੈਲਥ ਫ਼ੋਰਸ ਓਂਟਾਰੀਓ (HEALTHFORCE ONTARIO)

ਹੈਲਥ ਫ਼ੋਰਸ ਓਂਟਾਰੀਓ ਅੰਤਰਰਾਸ਼ਟਰੀ ਤੌਰ 'ਤੇ ਸਿਖਲਾਈ ਪ੍ਰਾਪਤ ਸਿਹਤ ਪੇਸ਼ੇਵਰਾਂ
ਲਈ ਲਾਇਸੈਂਸਿੰਗ ਅਤੇ ਕੈਰੀਅਰ ਦੇ ਵਿਕਲਪਾਂ ਬਾਰੇ ਜਾਣਕਾਰੀ ਮੁਹੱਈਆ ਕਰਦਾ

ਹੈ। ਹੈਲਥ ਫ਼ੋਰਸ ਓਂਟਾਰੀਓ ਨਾਲ ਸੰਪਰਕ ਕਰਨ ਲਈ 1-800-596-4046 'ਤੇ ਕਾਲ ਕਰੋ ਜਾਂ healthforceontario.ca ਜਾਂ findlink.at/healthprofs 'ਤੇ ਜਾਓ।

Funded by / Financé par

Immigration, Refugees and Citizenship Canada
Immigration, Réfugiés et Citoyenneté Canada
Ontario

## ਬ੍ਰਿਜਿੰਗ ਪ੍ਰੋਗਰਾਮ

ਬ੍ਰਿਜਿੰਗ ਪ੍ਰੋਗਰਾਮ ਅੰਤਰਰਾਸ਼ਟਰੀ ਤੌਰ 'ਤੇ ਸਿਖਲਾਈ ਪ੍ਰਾਪਤ ਵਰਕਰਾਂ ਦੇ ਨਾਲ ਹੀ ਨੌਕਰੀ ਲੱਭਣ ਵਿੱਚ ਸਹਾਇਕਾਂ ਨੂੰ ਸਿਖਲਾਈ ਅਤੇ ਕੰਮ ਦਾ ਅਨੁਭਵ ਮੁਹੱਈਆ ਕਰਦੇ ਹਨ। ਇਹ ਪ੍ਰੋਗਰਾਮ ਲਾਇਸੈਂਸ ਲੈਣ ਵਿੱਚ ਵੀ ਤੁਹਾਡੀ ਮਦਦ ਕਰ ਸਕਦੇ ਹਨ, ਜਿਸਦੀ ਤੁਹਾਨੂੰ ਤੁਹਾਡੇ ਨੇਮਬੱਧ ਕਿੱਤੇ ਵਿੱਚ ਪ੍ਰੈਕਟਿਸ ਕਰਨ ਲਈ ਲੋੜ ਪੈਂਦੀ ਹੈ।

ਆਪਣੇ ਇਲਾਕੇ ਵਿਚਲੇ ਬ੍ਰਿਜਿੰਗ ਪ੍ਰੋਗਰਾਮਾਂ ਬਾਰੇ ਹੋਰ ਪਤਾ ਲਾਉਣ ਲਈ canada.ca ਜਾਂ findlink.at/training 'ਤੇ ਜਾਓ।

## ਕੰਮ ਲੱਭਣਾ

ਹੇਠਾਂ ਦਿੱਤੇ ਪ੍ਰੋਗਰਾਮ ਅਤੇ ਵੈਬਸਾਈਟਾਂ ਕਿਰਤ ਬਜ਼ਾਰ ਅਤੇ ਅਤੇ ਰੋਜ਼ਗਾਰ ਲੱਭਣ ਬਾਰੇ ਜਾਣਨ ਲਈ ਨਵੇਂ ਆਉਣ ਵਾਲਿਆਂ ਦੀ ਮਦਦ ਕਰਦੀ ਹੈ।

- ਓਂਟਾਰੀਓ ਕਿਰਤ ਬਜ਼ਾਰ ਬਾਰੇ ਜਾਣਕਾਰੀ - Ontario labour market information: ontario.ca ਜਾਂ findlink.at/LMI
- ਕਨੇਡਾ ਵਿੱਚ ਕੰਮ ਕਰਨ ਸਬੰਧੀ ਟੂਲ- Working in Canada Tool: workingincanada.gc.ca settlement.org or findlink.at/Employinfo
- ਨੌਕਰੀਆਂ ਲਈ ਸਰਵਿਸ ਕਨੇਡਾ ਦਾ ਡੈਟਾਬੇਸ: jobbank.gc.ca

## ਨੌਕਰੀ ਲਈ ਅਪਲਾਈ ਕਰਨਾ

**ਐਂਪਲਾਇਮੈਂਟ ਓਂਟਾਰੀਓ** – ਨੌਕਰੀ ਲੱਭਣ ਲਈ ਤੁਹਾਨੂੰ ਉਪਲਬਧ ਅਹੁਦਿਆਂ ਦੇ ਨਾਲ ਹੀ ਸਿਖਲਾਈ ਦੇ ਮੌਕਿਆਂ ਲਈ ਜ਼ਰੂਰੀ ਮੁਹਾਰਤਾਂ ਅਤੇ ਸਹੀ ਜਾਣਕਾਰੀ ਦੀ ਲੋੜ ਹੈ। ਤੁਹਾਨੂੰ ਆਪਣਾ ਵਧੀਆ ਰੈਜ਼ਮੇ ਬਣਾਉਣਾ ਚਾਹੀਦਾ ਹੈ ਅਤੇ ਅਸਰਦਾਰ ਇੰਟਰਵਿਊ ਕਿਵੇਂ ਦਿੱਤਾ ਜਾਏ, ਬਾਰੇ ਵੀ ਜਾਣਨਾ ਚਾਹੀਦਾ ਹੈ।

ਇਹਨਾਂ ਮੁਹਾਰਤਾਂ ਅਤੇ ਟੂਲਸ ਅਤੇ ਰੋਜ਼ਗਾਰ ਸਬੰਧੀ ਹੋਰ ਸੇਵਾਵਾਂ ਬਾਰੇ ਜਾਣਨ ਲਈ ਆਪਣੇ ਭਾਈਚਾਰੇ ਵਿੱਚ ਐਂਪਲਾਇਮੈਂਟ ਓਂਟਾਰੀਓ ਦਫ਼ਤਰ ਵਿੱਚ ਜਾਓ। ਐਂਪਲਾਇਮੈਂਟ ਓਂਟਾਰੀਓ ਦੇ ਦਫ਼ਤਰ ਦਾ ਪਤਾ ਲਾਉਣ ਲਈ 1-800-387-5514 'ਤੇ ਕਾਲ ਕਰੋ ਜਾਂ tcu.gov.on ਜਾਂ findlink.at/ineedajob 'ਤੇ ਜਾਓ।

ਆਮ ਜਾਣਕਾਰੀ ਲਈ 1-800-387-5656 'ਤੇ ਐਂਪਲਾਇਮੈਂਟ ਓਂਟਾਰੀਓ ਸੰਪਰਕ ਸੈਂਟਰ ਨੂੰ ਕਾਲ ਕਰੋ।
ਅੰਗ੍ਰੇਜ਼ੀ, ਫ੍ਰੈਂਚ ਅਤੇ ਹੋਰ ਭਾਸ਼ਾਵਾਂ ਵਿੱਚ ਸੇਵਾ ਉਪਲਬਧ ਹੈ।

ਕਨੇਡਾ ਜੌਬ ਬੈਂਕ – ਉਪਲਬਧ ਨੌਕਰੀਆਂ ਦੀ ਸੂਚੀ ਤੋਂ ਅਲਾਵਾ, ਕਨੇਡਾ ਜੌਬ ਬੈਂਕ ਸਿਖਲਾਈ ਅਤੇ ਕੈਰੀਅਰਾਂ ਬਾਰੇ ਜਾਣਕਾਰੀ ਦੀ ਪੇਸ਼ਕਸ਼ ਕਰਦਾ ਹੈ।

ਇਹਨਾਂ ਬਾਰੇ ਹੋਰ ਜਾਣਨ ਲਈ workingincanada.gc.ca ਜਾਂ jobsetc.gc.ca 'ਤੇ ਜਾਓ।

## ਵਾਲੰਟੀਅਰਿੰਗ ਅਤੇ ਇੰਟਰਨਸ਼ਿਪ

ਨਵੀਆਂ ਮੁਹਾਰਤਾਂ, ਅਨੁਭਵ ਲੈਣ ਅਤੇ ਸੰਭਵ ਨੌਕਰੀ ਦਾਤਿਆਂ ਵਾਲੇ ਨੈਟਵਰਕ ਬਾਰੇ ਜਾਣਨ ਲਈ ਵਾਲੰਟੀਅਰਿੰਗ ਇੱਕ ਬਿਹਤਰੀਨ ਤਰੀਕਾ ਹੈ। ਇੰਟਰਨਸ਼ਿਪ ਥੋੜ੍ਹੀ-ਮਿਆਦ ਦੇ ਕੰਮ ਦੇ ਅਨੁਭਵ ਦਾ ਮੌਕਾ ਹੈ। ਕੁਝ ਇੰਟਰਨਸ਼ਿਪਸ ਨੂੰ ਭੁਗਤਾਨ ਕੀਤਾ ਜਾਂਦਾ ਹੈ, ਹੋਰਨਾਂ ਲਈ ਇਹ ਵਾਲੰਟੀਅਰ ਕਰਨ ਦੇ ਮੌਕੇ ਹਨ।

211 'ਤੇ ਕਾਲ ਕਰੋ ਅਤੇ ਆਪਣੇ ਸਥਾਨਕ ਵਾਲੰਟੀਅਰ ਸੈਂਟਰ ਦੀ ਥਾਂ ਲਈ ਪੁੱਛੋ।

ovcn.ca 'ਤੇ ਓਂਟਾਰੀਓ ਵਾਲੰਟੀਅਰ ਸੈਂਟਰ ਨੈਟਵਰਕ 'ਤੇ ਜਾਓ।

ਕੈਰੀਅਰ ਐੱਜ (Career Edge) ਕਈ ਬਿਨਾ ਨੇਮਬੱਧ ਖੇਤਰਾਂ ਵਿੱਚ ਇੰਟਰਨਸ਼ਿਪ ਮੁਹੱਈਆ ਕਰਦੀ ਹੈ। ਹੋਰ ਜਾਣਕਾਰੀ ਲਈ 1-888-507-3343 'ਤੇ ਕਾਲ ਕਰੋ ਜਾਂ careeredge.ca 'ਤੇ ਜਾਓ।

## ਕੰਮ ਦੀ ਥਾਂ ਦੇ ਹੱਕ

### ਓਂਟਾਰੀਓ ਦੇ ਮਨੁੱਖੀ ਹੱਕਾਂ ਬਾਰੇ ਕੋਡ (The Ontario Human Rights Code)

ਇਸ ਕੋਡ ਹੇਠ, ਵਿਅਕਤੀ ਦੀ ਉਮਰ, ਬੰਸ, ਮੂਲ ਦੇਸ਼, ਨਸਲੀ ਮੂਲ, ਧਰਮ, ਅਸਮਰਥਾ (ਅਪੰਗਤਾ), ਪਿਰਵਾਰ ਦਾ ਦਰਜਾ, ਲਿੰਗ ਪਛਾਣ ਜਾਂ ਜਿਨਸੀ ਰੁਝਾਨ ਦੇ ਅਧਾਰ 'ਤੇ ਵਿਤਕਰਾ ਕਰਨਾ ਜਾਂ ਤੰਗ-ਪਰੇਸ਼ਾਨ ਕਰਨਾ ਗ਼ੈਰਕਾਨੂੰਨੀ ਹੈ। ਓਂਟਾਰੀਓ ਦੇ ਮਨੁੱਖੀ ਹੱਕਾਂ ਬਾਰੇ ਕਮੀਸ਼ਨ 'ਤੇ ਕੰਮ ਵਾਲੀ ਥਾਂ 'ਤੇ ਕੋਡ ਬਰਾਬਰੀ ਦੀ ਗਰੰਟੀ ਕਿਵੇਂ ਕਰਦਾ ਹੈ, ਬਾਰੇ ਜਾਣੋ:ohrc.on.ca ਜਾਂ findlink.at/ohrcemploy

### ਰੋਜ਼ਗਾਰ ਦੇ ਮਿਆਰਾਂ ਬਾਰੇ ਕਾਨੂੰਨ (The Employment Standards Act-ESA)

ਇਹ ਕਾਨੂੰਨ ਮਿਆਰ ਤੈਅ ਕਰਦਾ ਹੈ, ਜਿਹਨਾਂ ਦੀ ਪਾਲਣਾ ਨੌਕਰੀਦਾਤਿਆਂ ਅਤੇ ਮੁਲਾਜ਼ਮਾਂ ਨੂੰ ਜ਼ਰੂਰ ਕਰਨੀ ਚਾਹੀਦੀ ਹੈ, ਇਸ ਵਿੱਚ ਘੰਟੇ, ਤਨਖ਼ਾਹ ਅਤੇ ਕੰਮ ਦਾ ਆਲਾ-ਦੁਆਲਾ ਸ਼ਾਮਿਲ ਹੁੰਦਾ ਹੈ। 1-800-531-5551 'ਤੇ ਹੋਰ ਜਾਣਨ ਲਈ ਕਿਰਤ ਮਹਿਕਮੇ ਦੇ ਰੋਜ਼ਗਾਰ ਸਬੰਧੀ ਮਿਆਰਾਂ ਬਾਰੇ ਜਾਣਕਾਰੀ ਸੈਂਟਰ ਨੂੰ ਕਾਲ ਕਰੋ ਜਾਂ ontario.ca ਜਾਂ findlink.at/err 'ਤੇ ਜਾਓ।

### ਆਕਿਉਪੇਸ਼ਨਲ ਸਿਹਤ ਅਤੇ ਸੁਰੱਖਿਆ ਕਾਨੂੰਨ (The Occupational Health & Safety Act)

ਇਹ ਕਾਨੂੰਨ ਵਰਕਰਾਂ ਦੀ ਸਿਹਤ ਅਤੇ ਸੁਰੱਖਿਆ ਦੀ ਰਾਖੀ ਕਰਦਾ ਹੈ ਅਤੇ ਨੌਕਰੀਦਾਤਿਆਂ ਦੀ ਜ਼ਿੰਮੇਵਾਰੀ ਦਾ ਖ਼ਾਕਾ ਤਿਆਰ ਕਰਦਾ ਹੈ। ontario.ca ਜਾਂ findlink.at/hsafety 'ਤੇ ਕੰਮ ਵਾਲੀ ਥਾਂ ਵਿੱਚ ਸੁਰੱਖਿਆ ਅਤੇ ਵਰਕਰ ਵਜੋਂ ਆਪਣੇ ਹੱਕਾਂ ਬਾਰੇ ਹੋਰ ਜਾਣੋ।

- ਵਰਕਰ ਦੀ ਸਿਹਤ ਅਤੇ ਸੁਰੱਖਿਆ ਜਾਗਰੂਕਤਾ ਵਿੱਚ 4 ਪੜਾਅ ਕਿਰਤ ਮਹਿਕਮੇ ਦੀ ਪਬਲੀਕੇਸ਼ਨ ਹੈ। ਇਸਦੀ ਕਾਪੀ ਲਈ ਬੇਨਤੀ ਕਰਨ ਵਾਸਤੇ, **1-800-267- 8097** 'ਤੇ ਸਰਵਿਸ ਓਂਟਾਰੀਓ ਨੂੰ ਕਾਲ ਕਰੋ ਜਾਂ ontario.ca ਜਾਂ findlink.at/hsawarenes 'ਤੇ ਜਾਓ।
- ਕੰਮ ਵਾਲੀ ਥਾਂ ਵਿੱਚ ਸੁਰੱਖਿਆ ਸਬੰਧੀ ਚਿੰਤਾ ਬਾਰੇ ਰਿਪੋਰਟ ਕਰਨ ਲਈ **1-877-202-0008** 'ਤੇ ਕਾਲ ਕਰੋ।

### ਵਰਕਰਾਂ ਦਾ ਮੁਆਵਜ਼ਾ

ਜੇ ਤੁਸੀਂ ਕੰਮ 'ਤੇ ਜ਼ਖ਼ਮੀ ਹੋਏ ਹੋ, ਤਾਂ ਤੁਸੀਂ ਓਂਟਾਰੀਓ ਦੀ ਕੰਮ ਵਾਲੀ ਥਾਂ 'ਤੇ ਸੁਰੱਖਿਆ ਅਤੇ ਬੀਮਾ ਬੋਰਡ (WSIB) ਤੋਂ ਮੁਆਵਜ਼ੇ ਲਈ ਹੱਕਦਾਰ ਹੋ ਸਕਦੇ ਹੋ। ਹੋਰ ਜਾਣਕਾਰੀ ਲਈ **1-800-387-0750** 'ਤੇ ਕਾਲ ਕਰੋ ਜਾਂ (WSIB) wsib.ca 'ਤੇ ਜਾਓ।

